ਡਿਸਕਲੇਮਰ:-ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਆਂ ਨਿਰਣਾਂ ਕੇਵਲ ਮੁਕੱਦਮੇਬਾਜ਼ਾ ਲਈ ਉਹਨਾਂ ਦੀ ਆਪਣੀ ਭਾਸ਼ਾ ਵਿਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਤ ਮੰਤਵਾ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਕ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸ ਨੂੰ ਤਰਜੀਹ ਦਿੱਤੀ ਜਾਵੇਗੀ।

ਰਿਪੋਰਟਯੋਗ

ਭਾਰਤ ਦੀ ਸੁਪਰੀਮ ਕੋਰਟ ਵਿੱਚ
ਸਿਵਲ ਅਪੀਲ ਅਧਿਕਾਰ ਖੇਤਰ

Civil Appeal No. 5124 of 2019
(arising out of SLP(Civil) No. 6788 of 2019)

ਸਿਵਲ ਅਪੀਲ ਨੰ. 5124/2019
(ਐਸ.ਐਲ.ਪੀ.(ਸਿਵਲ) 6788/2019 ਵਿੱਚੋਂ ਉਤਪੰਨ ਹੋਈ)

ਅਰਸ਼ਨੂਰ ਸਿੰਘ

(ਅਪੀਲ ਕਰਤਾ)

ਬਨਾਮ

ਹਰਪਾਲ ਕੌਰ ਅਤੇ ਹੋਰ

(ਪ੍ਰਤੀਵਾਦੀ)

ਨਿਰਣਾਂ

(JUDGMENT)


ਇੰਦੂ ਮਲਹੋਤਰਾ, ਜੱਜ (INDU MALHOTRA, J.)

ਮਨਜੂਰੀ ਦਿੱਤੀ ਗਈ।

1. ਮੌਜੂਦਾ ਸਿਵਲ ਅਪੀਲ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ RSA No. 1354 of 2014 ਵਿੱਚ ਪਾਸ ਕੀਤੇ ਹੁਕਮ ਨੂੰ ਚੁਣੌਤੀ ਦੇਣ ਲਈ ਦਾਇਰ ਕੀਤੀ ਗਈ।

2. ਸਮਕਾਲੀਨ ਤੱਥ ਜਿਨ੍ਹਾਂ ਤੇ ਮੌਜੂਦਾ ਸਿਵਲ ਅਪੀਲ ਦਾਇਰ ਕੀਤੀ ਗਈ ਹੈ ਸੰਖੇਪ ਵਿੱਚ ਹੇਠਾਂ ਦੱਸੇ ਗਏ ਹਨ:-

2.1 ਲਾਲ ਸਿੰਘ ਪਿੰਡ ਖਾਨਗੜ੍ਹ, ਜਿਲ੍ਹਾਂ ਫਿਰੋਜ਼ਪੁਰ, ਪੰਜਾਬ ਵਿੱਚ ਖੇਤੀਬਾੜੀ ਦੇ ਵੱਡੇ ਖੇਤਰ ਦਾ ਮਾਲਕ ਸੀ। ਇਸ ਵਿੱਚ ਅਪੀਲਕਰਤਾ ਲਾਲ ਸਿੰਘ ਦਾ ਪੜਪੋਤਾ ਹੈ। ਲਾਲ ਸਿੰਘ ਦੇ ਪਰਿਵਾਰ ਦੀ ਵੰਸ਼ਾਵਲੀ ਸਾਰਣੀ ਸਹੂਲਤ ਦੀ ਪੂਰਤੀ ਲਈ ਹੇਠਾਂ ਦਿੱਤੀ ਗਈ ਹੈ:-



2.2 ਲਾਲ ਸਿੰਘ ਦਾ 1951 ਵਿੱਚ ਦਿਹਾਂਤ ਹੋ ਗਿਆ ਅਤੇ ਉਸਦੀ ਸਾਰੀ ਜਾਇਦਾਦ ਉਸਦੇ ਇਕਲੌਤੇ ਪੁੱਤਰ ਇੰਦਰ ਸਿੰਘ ਨੇ ਵਿਰਾਸਤ ਵਿੱਚ ਪ੍ਰਾਪਤ ਕੀਤੀ। ਸੰਨ 1964 ਵਿੱਚ, ਇੰਦਰ ਸਿੰਘ ਨੇ ਆਪਣੇ ਜੀਵਨ ਕਾਲ ਦੌਰਾਨ ਸਿਵਲ ਸੂਟ ਨੰ: 182 of 4.11.1962 ਵਿੱਚ ਪਾਸ ਹੋਈ ਡਿਕਰੀ ਮਿਤੀ 04.11.1964 ਅਨੁਸਾਰ ਆਪਣੀ ਸਾਰੀ ਜਾਇਦਾਦ ਆਪਣੇ ਤਿੰਨ ਪੁੱਤਰਾਂ, ਅਰਥਾਤ ਗੁਰਚਰਨ ਸਿੰਘ, ਧਰਮ ਸਿੰਘ ਅਤੇ ਸਵਰਨ ਸਿੰਘ ਨੂੰ ਬਰਾਬਰ ਹਿੱਸਿਆਂ ਵਿੱਚ ਵੰਡ ਦਿੱਤੀ।

ਇਸ ਤੋਂ ਬਾਅਦ, ਤਿੰਨਾਂ ਪੁੱਤਰਾਂ ਨੇ ਆਪਣੀ ਜਾਇਦਾਦ ਵਿੱਚੋਂ ਇੱਕ ਚੌਥਾਈ ਹਿੱਸਾ ਆਪਣੇ ਪਿਤਾ ਇੰਦਰ ਸਿੰਘ ਨੂੰ ਉਸਦੇ ਗੁਜ਼ਾਰੇ ਲਈ ਵਾਪਿਸ ਕਰ ਦਿੱਤਾ।

ਇੰਦਰ ਸਿੰਘ ਦਾ ਦਿਹਾਂਤ 15.04.1970 ਵਿੱਚ ਹੋ ਗਿਆ ਅਤੇ ਉਸਦਾ ਇੱਕ ਚੌਥਾਈ ਹਿੱਸਾ ਉਸਦੇ ਵਾਰਸਾਂ ਅਰਥਾਤ ਉਸਦੀ ਵਿਧਵਾ, ਤਿੰਨ ਪੁੱਤਰ ਅਤੇ ਉਸਦੀ ਧੀ ਨੇ ਵਿਰਾਸਤ ਵਿੱਚ ਪ੍ਰਾਪਤ ਕੀਤਾ।

2.3 ਮੌਜੂਦਾ ਮਾਮਲਾ ਉਸ ਜਾਇਦਾਦ ਨਾਲ ਸੰਬੰਧਤ ਹੈ ਜੋ ਉਸ ਦੇ ਇੱਕ ਪੁੱਤਰ ਦੇ ਹਿੱਸੇ ਆਈ ਅਰਥਾਤ ਧਰਮ ਸਿੰਘ (ਇਸ ਤੋਂ ਬਾਅਦ "ਸੂਟ ਪ੍ਰਾਪਰਟੀ" ਵਜੋਂ ਜਾਣਿਆਂ ਜਾਂਦਾ ਹੈ), ਜੋ

ਕਿ ਖੇਤੀਬਾੜੀ ਵਾਲੀ ਜ਼ਮੀਨ ਤਕਰੀਬਨ 119 ਕਨਾਲ 2 ਮਰਲੇ ਪਿੰਡ ਖਾਨਗੜ੍ਹ, ਜ਼ਿਲ੍ਹਾ ਫਿਰੋਜ਼ਪੁਰ, ਪੰਜਾਬ ਵਿੱਚ ਸਥਿਤ ਸੀ।

2.4 ਧਰਮ ਸਿੰਘ ਦਾ ਇਕੋ ਪੁੱਤਰ ਸੀ ਅਰਥਾਤ ਅਰਸ਼ਨੂਰ ਸਿੰਘ ਜੋ ਇੱਥੇ ਅਪੀਲਕਰਤਾ ਹੈ। ਅਪੀਲਕਰਤਾ ਦਾ ਜਨਮ 22.08.1985 ਨੂੰ ਧਰਮ ਸਿੰਘ ਦੇ ਘਰ ਉਸਦੀ ਪਹਿਲੀ ਪਤਨੀ ਰਾਹੀਂ ਹੋਇਆ ਸੀ।

2.5 ਧਰਮ ਸਿੰਘ ਨੇ ਪੂਰੀ ਮੁੱਕਦਮੇ ਵਾਲੀ ਜਾਇਦਾਦ ਦੋ ਬੈਨਾਮੇ ਮਿਤੀ 01.09.1999 ਦੁਆਰਾ ਉੱਤਰਵਾਦੀ ਨੰਬਰ 1 ਹਰਪਾਲ ਕੌਰ ਨੂੰ 4,87,500/- ਰੁਪਏ ਦੇ ਬਦਲੇ ਵੇਚ ਦਿੱਤੀ।

ਪਹਿਲਾਂ ਬੈਨਾਮਾ ਵਸੀਕਾ ਨੰ. 1075, ਤਕਰੀਬਨ 59 ਕਨਾਲ 11 ਮਰਲੇ ਜ਼ਮੀਨ ਖਸਰਾ ਨੰ. 35 ਵਿੱਚ ਸਥਿੱਤ ਹੈ; ਦੂਜਾ ਬੈਨਾਮਾ ਵਸੀਕਾ ਨੰ. 1079 ਤਕਰੀਬਨ 59 ਕਨਾਲ 11 ਮਰਲੇ ਜਮੀਨ ਖਸਰਾ ਨੰ. 36 ਵਿੱਚ ਸਥਿੱਤ ਹੈ।

2.6 ਦੋ ਬੈਨਾਮੇ ਮਿਤੀ 21.09.1999 ਨੂੰ ਸਬ-ਰਜਿਸਟਰਾਰ ਦੁਆਰਾ ਕੁਲੈਕਟਰ, ਫਿਰੋਜ਼ਪੁਰ ਨੂੰ ਇੰਡੀਅਨ ਸਟੈਂਪ ਐਕਟ 1999 ਦੀ ਧਾਰਾ 47 A ਤਹਿਤ ਕਾਰਵਾਈ ਲਈ ਭੇਜੇ ਗਏ, ਕਿਉਂਕਿ ਬੈਨਾਮੇ ਘੱਟ ਕੀਮਤ ਦੇ ਸਨ।

ਧਰਮ ਸਿੰਘ ਅਤੇ ਉਤਰਵਾਦੀ ਨੰ. 1 ਹਰਪਾਲ ਕੌਰ ਕੁਲੈਕਟਰ ਦੇ ਸਾਹਮਣੇ ਪੇਸ਼ ਹੋਏ। ਧਰਮ ਸਿੰਘ ਨੇ ਮੰਨਿਆ ਕਿ ਦੋ ਬੈਨਾਮੇ ਦੇ ਬਦਲੇ ਕੋਈ ਲੈਣ-ਦੇਣ ਨਹੀਂ ਹੋਇਆ ਅਤੇ 4,87,500/- ਰੁਪਏ ਦਾ ਜ਼ਿਕਰ ਸਿਰਫ਼ ਰਜਿਸਟਰੇਸ਼ਨ ਦੇ ਉਦੇਸ਼ ਨਾਲ ਕੀਤਾ ਗਿਆ ਸੀ।

ਉਤਰਵਾਦੀ ਨੰ. 1 ਹਰਪਾਲ ਕੌਰ, ਜੋ ਕਿ ਬਾਇਆ ਹੈ, ਨੇ ਮੰਨਿਆ ਕਿ ਉਸਨੇ ਸੂਟ ਜਾਇਦਾਦ ਦੇ ਬਦਲੇ ਧਰਮ ਸਿੰਘ ਨੂੰ ਕੋਈ ਪੈਸਾ ਨਹੀਂ ਦਿੱਤਾ।

2.7 ਬਾਅਦ ਵਿਚ 29.09.1999 ਨੂੰ ਧਰਮ ਸਿੰਘ ਨੇ ਉਤਰਵਾਦੀ ਨੰ. 1 ਨਾਲ ਵਿਆਹ ਕਰਵਾ ਲਿਆ। ਕੁਲੈਕਟਰ, ਫਿਰੋਜ਼ਪੁਰ ਦੇ ਆਰਡਰ ਮਿੱਤੀ 24.01.2000 ਦੇ ਅਨੁਸਾਰ ਧਰਮ ਸਿੰਘ ਦੁਆਰਾ ਉਤਰਵਾਦੀ ਨੰ. 1 ਦੇ ਹੱਕ ਵਿੱਚ ਕਰਾਏ ਗਏ ਦੋ ਬੈਨਾਮੇ ਬਿਨਾਂ ਕਿਸੇ ਪੈਸੇ ਦੇ ਲੈਣ ਦੇਣ ਦੇ ਸਨ।

2.8 ਅਪੀਲਕਰਤਾ 22.08.2003 ਨੂੰ ਇੱਕ ਮੇਜਰ ਬਣ ਗਿਆ।

23.11.2004 ਨੂੰ ਅਪੀਲਕਰਤਾ ਨੇ ਇੱਕ ਦਾਵਾ ਇਸਤਕਰਾਰ ਹੱਦ ਆਪਣੇ ਪਿਤਾ ਧਰਮ ਸਿੰਘ ਖਿਲਾਫ ਪ੍ਰਤੀਵਾਦੀ ਨੰ. 1 ਅਤੇ ਹਰਪਾਲ ਕੌਰ, ਪਤੀਵਾਦੀ ਨੰ. 2 (ਇਥੇ ਉਤਰਵਾਦੀ ਨੰ. 1) ਦੇ ਵਜੋਂ ਇਹ ਘੋਸ਼ਣਾਂ ਲਈ ਦਾਇਰ ਕੀਤਾ ਕਿ ਮੁਕਦਮੇ ਦੀ ਜਾਇਦਾਦ ਕੋਪਾਰਸਨਰੀ ਜਾਇਦਾਦ ਸੀ ਅਤੇ ਉਸਦੇ ਪਿਤਾ ਧਰਮ ਸਿੰਘ ਦੁਆਰਾ ਉੱਤਰਵਾਦੀ ਨੰ. 1 ਦੇ ਹੱਕ ਵਿੱਚ ਕੀਤੇ ਦੋ ਬੈਨਾਮੇ ਮਿਤੀ 01.09.1999 ਗੈਰਕਾਨੂੰਨੀ ਨਲ ਅਤੇ ਬੇਅਸਰ ਸੀ। ਦਾਵਾ ਇਮਤਨਾਈ ਦਵਾਮੀ ਇਸ ਅਮਰ ਹੈ ਕਿ ਮੁਦਾਲਾ ਨੰ 1 ਸੂਟ ਜਾਇਦਾਦ ਨੂੰ ਅੱਗੇ ਮੁੰਤਕਿਲ, ਬਦਲੀ ਜਾਂ ਮੁਕਦਮੇ ਦੀ ਜਾਇਦਾਦ ਤੇ ਚਾਰਜ ਲਗਾਉਣ ਤੋਂ ਬਾਜ ਰਹੇ।

2.9 ਸੂਟ ਦੀ ਸਮੂਲੀਅਤ ਦੌਰਾਨ, ਉੱਤਰਵਾਦੀ ਨੇ ਇੱਕ ਸੌਦਾ ਕੀਤਾ ਜਿਸਦੇ ਤਹਿਤ ਉਸਨੇ ਸੂਟ ਜਾਇਦਾਦ ਨੂੰ ਸਾਂਝੇ ਤੌਰ ਤੇ ਬੈਨਾਮਾ ਮਿਤੀ 30.10.2007 ਦੁਆਰਾ ਉੱਤਰਵਾਦੀ ਨੰ 2 ਅਤੇ 3 ਭਾਵ ਕੁਲਵੰਤ ਸਿੰਘ ਅਤੇ ਜੰਗ ਬਹਾਦੁਰ ਨੂੰ ਵੇਚ ਦਿੱਤਾ।

ਉੱਤਰਵਾਦੀ ਨੰ 1 ਨੇ ਸੂਟ ਵਿੱਚ ਉੱਤਰਵਾਦੀ 2 ਅਤੇ 3 ਨੂੰ ਸਹਿ-ਪ੍ਰਤਿਵਾਦੀ ਬਨਾਉਣ ਲਈ ਅਰਜ਼ੀ ਦਾਖਲ ਕੀਤੀ। ਹਾਲਾਂਕਿ, ਉਕਤ ਅਰਜ਼ੀ ਦਾ ਨਿਪਟਾਰਾ ਆਰਡਰ ਮਿਤੀ 25.09.2010 ਅਨੁਸਾਰ ਉੱਤਰਵਾਦੀ ਨੰ 1/ਪ੍ਰਤਿਵਾਦੀ ਨੰ 2 ਨੂੰ ਉਹਨਾਂ ਦੇ ਹੱਕਾਂ ਦੀ ਰਾਖੀ ਦੀ ਖੁੱਲ ਦਿੰਦੇ ਹੋਏ ਕੀਤਾ ਗਿਆ।

2.10 ਵਧੀਕ ਸਿਵਲ ਜੱਜ, ਫਿਰੋਜ਼ਪੁਰ ਨੇ ਆਪਣੇ ਆਦੇਸ਼ ਮਿਤੀ 29.04.2011 ਅਨੁਸਾਰ ਅਪੀਲਕਰਤਾ/ਮੁਦਈ ਦੇ ਹੱਕ ਵਿੱਚ ਮੁਕੱਦਮਾ ਫਰਮਾਇਆ।

ਧਰਮ ਸਿੰਘ ਨੇ ਆਪਣੇ ਬਿਆਨ ਵਿੱਚ ਕਿਹਾ ਕਿ ਉਸਨੇ ਬਿਨਾਂ ਕਿਸੇ ਵਿੱਤੀ ਵਿਚਾਰ ਦੇ ਬੈਨਾਮਿਆਂ ਨੂੰ ਅੰਜਾਮ ਦਿੱਤਾ ਕਿਉਂਕਿ ਉੱਤਰਵਾਦੀ ਨੰ 1 ਨੇ ਵਿਆਹ ਦੀ ਇੱਕ ਸ਼ਰਤ ਵਜੋਂ ਉਸ ਦੇ ਨਾਮ ਤੇ ਮੁੱਕਦਮੇ ਦੀ ਜਾਇਦਾਦ ਦਾ ਤਬਾਦਲਾ ਕਰਨ ਤੇ ਜ਼ੋਰ ਦਿੱਤਾ।

ਟਰਾਇਲ ਕੋਰਟ ਨੇ ਕਿਹਾ ਕਿ ਮੁਕੱਦਮਾ ਜਾਇਦਾਦ ਧਰਮ ਸਿੰਘ ਅਤੇ ਅਪੀਲਕਰਤਾ ਦੀ ਪੁਰਖੀ ਕੋਪਾਰਸਨਰੀ ਸੰਪਤੀ ਸੀ। ਉੱਤਰਵਾਦੀ ਨੰ 1 ਇਹ ਸਾਬਤ ਕਰਨ ਵਿੱਚ ਅਸਫਲ ਰਿਹਾ ਕਿ ਧਰਮ ਸਿੰਘ ਨੇ ਪਰਿਵਾਰ ਦੀ ਕਾਨੂੰਨੀ ਲੋੜ ਜਾਂ ਜਾਇਦਾਦ ਦੇ ਲਾਭ ਲਈ ਉੱਤਰਵਾਦੀ ਨੰ 1 ਨੂੰ ਜਾਇਦਾਦ ਵੇਚੀ ਸੀ। ਸਿੱਟੇ ਵਜੋਂ ਧਰਮ ਸਿੰਘ ਦੁਆਰਾ ਉੱਤਰਵਾਦੀ ਨੰ 1/ਪ੍ਰਤਿਵਾਦੀ ਨੰ 2 ਦੇ ਹੱਕ ਵਿੱਚ ਕੀਤੇ ਦੋ ਬੈਨਾਮੇ ਮਿਤੀ 1.9.1999

ਗੈਰਕਾਨੂੰਨੀ, ਰੱਦ ਅਤੇ ਬੇਅਸਰ ਸੀ। ਅਪੀਲਕਰਤਾ ਨੂੰ ਉਸਦੇ ਪਿਤਾ ਨਾਲ ਮੁੱਕਦਮਾ ਜਾਇਦਾਦ ਦੇ ਸਾਂਝੇ ਕਬਜ਼ੇ ਦਾ ਹੱਕਦਾਰ ਮੰਨਿਆ ਗਿਆ ਸੀ।

2.11 ਉੱਤਰਵਾਦੀ ਨੰਬਰ 1 ਅਤੇ ਇਸਦੇ ਬਾਅਦ ਵਾਲੇ ਖਰੀਦਦਾਰ ਉੱਤਰਵਾਦੀ ਨੰਬਰ 2 ਅਤੇ 3 ਨੇ ਇੱਕ ਕਾਮਨ ਸਿਵਲ ਅਪੀਲ RBT ਨੰ: 130, ਮਿਤੀ 3.6.2011/7.9.2013 ਵਧੀਕ ਜ਼ਿਲ੍ਹਾ ਜੱਜ, ਫਿਰੋਜ਼ਪੁਰ ਦੇ ਅੱਗੇ ਦਾਇਰ ਕੀਤੀ।

ਵਧੀਕ ਜਿਲ੍ਹਾ ਜੱਜ ਨੇ ਜੱਜਮੈਂਟ ਅਤੇ ਆਦੇਸ਼ ਮਿਤੀ 13.01.2014 ਦੁਆਰਾ ਅਪੀਲ ਖਾਰਜ ਕਰ ਦਿੱਤੀ। ਅਪੀਲ ਕੋਰਟ ਨੇ ਕਿਹਾ ਕਿ ਦੋ ਬੈਨਾਮੇ ਮਿਤੀ 01.09.1999 ਬਿਨਾਂ ਕਿਸੇ ਬਦਲ ਦੇ ਕੀਤੇ ਗਏ ਜਿਵੇਂ ਕਿ ਧਰਮ ਸਿੰਘ ਅਤੇ ਉੱਤਰਵਾਦੀ ਨੰ 1 ਨੇ ਆਪਣੇ ਬਿਆਨਾਂ ਵਿੱਚ ਕੁਲੈਕਟਰ, ਫਿਰੋਜ਼ਪੁਰ ਦੇ ਸਾਹਮਣੇ ਮੰਨਿਆ।

ਕਿਸੇ ਕਾਨੂੰਨੀ ਜ਼ਰੂਰਤ ਜਾਂ ਸੰਯੁਕਤ ਹਿੰਦੂ ਪਰਿਵਾਰ ਦੀ ਜਾਇਦਾਦ ਦੇ ਲਾਭ ਤੋਂ ਬਿਨਾਂ, ਬੈਨਾਮੇ ਮਿਤੀ 01.09.1999 ਗੈਰਕਾਨੂੰਨੀ, ਰੱਦ ਅਤੇ ਬੇਅਸਰ ਸਨ।

2.12 ਉਪਰੋਕਤ ਆਦੇਸ਼ ਤੋਂ ਪ੍ਰੇਸ਼ਾਨ ਹੋ ਕੇ ਉੱਤਰਵਾਦੀ ਨੰ. 1,2 ਅਤੇ 3 ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ RSA ਨੰ: 1354 of 2014 ਦਾਇਰ ਕੀਤਾ।

2.13 ਹਾਈ ਕੋਰਟ ਵਿੱਚ RSA ਦੀ ਸਮੂਲੀਅਤ ਦੌਰਾਨ 05.01.2017 ਨੂੰ ਧਰਮ ਸਿੰਘ ਦਾ ਦਿਹਾਂਤ ਹੋ ਗਿਆ।

2.14 ਉੱਤਰਵਾਦੀ ਦੁਆਰਾ ਦਾਇਰ ਕੀਤਾ ਗਿਆ RSA ਹਾਈ ਕੋਰਟ ਦੁਆਰਾ ਲਾਗੂ ਜੱਜਮੈਂਟ ਅਤੇ ਪਾਸ ਕੀਤੇ ਆਦੇਸ਼ ਮਿਤੀ 13.11.2018 ਦੁਆਰਾ ਮੰਨਜ਼ੂਰ ਕੀਤਾ ਗਿਆ ਅਤੇ ਹੇਠਲੀਆਂ ਅਦਾਲਤਾਂ ਦੇ ਇੱਕਸਾਰ ਨਿਰਣੇ ਨੂੰ ਵੱਖ ਕਰ ਦਿੱਤਾ।

ਹਾਈ ਕੋਰਟ ਨੇ ਕਿਹਾ ਕਿ (i) ਅਪੀਲਕਰਤਾ ਨੂੰ ਸੂਟ ਕਰਨ ਦਾ ਕੋਈ ਅਧਿਕਾਰ ਨਹੀਂ ਸੀ, ਕਿਉਂਕਿ ਇੰਦਰ ਸਿਘ ਦੁਆਰਾ ਆਪਣੇ 3 ਪੁੱਤਰਾਂ ਵਿਚਕਾਰ ਸੰਪਤੀ ਨੂੰ 1964 ਵਿੱਚ ਵੰਡਣ ਤੋਂ ਬਾਅਦ ਕੋਪਾਰਸਨਰੀ ਜਾਇਦਾਦ ਖਤਮ ਹੋ ਗਈ ਸੀ। (ii) ਇਸ ਆਧਾਰ ਦੇ ਕਿ ਵਿਕਰੀ ਸਮੇਂ ਕੋਈ ਬਦਲ ਨਹੀਂ ਕੀਤਾ ਗਿਆ, ਅਪੀਲਕਰਤਾ ਨੂੰ ਮਿਤੀ 01.09.1999 ਨੂੰ ਕੀਤੇ ਗਏ ਬੈਨਾਮੇ ਦੀ ਅਪੀਲ ਕਰਨ ਦਾ ਕੋਈ ਅਧਿਕਾਰ ਨਹੀਂ ਸੀ ਕਿਉਂਕਿ ਬੈਨਾਮੇ ਕਰਨ ਵਾਲਾ ਧਰਮ ਸਿੰਘ (ਪ੍ਰਤੀਵਾਦੀ ਨੰ 1) ਹੀ ਅਜਿਹੀ ਅਪੀਲ ਕਰ

ਸਕਦਾ ਸੀ।(iii) ਸਾਲ 1957-58 ਤੋਂ ਲੈ ਕੇ 1970-71 ਤੱਕ ਦੀ ਜਮ੍ਹਾਂਬੰਦੀਆਂ ਅਪੀਲਕਰਤਾ ਦੁਆਰਾ ਪੇਸ਼ ਨਹੀਂ ਕੀਤੀਆਂ ਗਈਆਂ ਸਨ।

2.15 ਹਾਈ ਕੋਰਟ ਦੁਆਰਾ ਮਿਤੀ 13.11.2018 ਨੂੰ ਪਾਸ ਕੀਤੇ ਆਦੇਸ਼ ਅਤੇ ਲਾਗੂ ਜੱਜਮੈਂਟ ਤੋਂ ਪ੍ਰੇਸ਼ਾਨ ਹੋ ਕੇ ਅਪੀਲਕਰਤਾ ਨੇ ਮੌਜੂਦ ਸਿਵਲ ਅਪੀਲ ਦਾਇਰ ਕੀਤੀ ਹੈ।

3. ਅਸੀਂ ਧਿਰਾਂ ਦੇ ਵਕੀਲ ਨੂੰ ਸੁਣਿਆ ਹੈ ਅਤੇ ਪਾਰਟੀਆਂ ਦੁਆਰਾ ਦਾਇਰ ਕੀਤਾ ਅਰਜ਼ੀ ਦਾਵਾ ਅਤੇ ਲਿਖਤੀ ਬੇਨਤੀਆਂ ਪੜ੍ਹੀਆਂ ਹਨ।

4. ਅਪੀਲਕਰਤਾ ਦੀ ਤਰਫੋਂ ਪੇਸ਼ ਹੋਏ ਸੀਨੀਅਰ ਵਕੀਲ ਸ਼੍ਰੀ ਮਨੋਜ ਸਵਰੂਪ ਨੇ ਕਿਹਾ ਕਿ ਮੁਕੱਦਮਾ ਜਾਇਦਾਦ ਕੋਪਾਰਸਨਰੀ ਜਾਇਦਾਦ ਸੀ ਜਿਸ ਵਿੱਚ ਅਪੀਲਕਰਤਾ ਜਨਮ ਤੋਂ ਬਾਅਦ ਇੱਕ ਕੋਪਾਰਸਨਰ ਬਣ ਗਿਆ ਸੀ।

ਅੱਗੇ ਇਹ ਦਰਖਾਸਤ ਦਿੱਤੀ ਗਈ ਕਿ ਕਿਉਂਕਿ ਸੂਟ ਜਾਇਦਾਦ ਕੋਪਾਰਸਨਰੀ ਜਾਇਦਾਦ ਹੈ, ਧਰਮ ਸਿੰਘ ਪਰਿਵਾਰ ਦੀ ਬਿਨਾਂ ਕਿਸੇ ਕਾਨੂੰਨੀ ਜ਼ਰੂਰਤ ਜਾਂ ਜਾਇਦਾਦ ਦੇ ਲਾਭ ਤੋਂ ਇਸ ਨੂੰ ਮੁੰਤਕਿਲ ਨਹੀਂ ਕਰ ਸਕਦਾ ਸੀ।

ਅੱਗੇ ਇਹ ਦਰਖਾਸਤ ਦਿੱਤੀ ਗਈ ਕਿ ਉੱਤਰਵਾਦੀ ਨੰ-1 ਦੁਆਰਾ ਉੱਤਰਵਾਦੀ ਨੰ 2 ਅਤੇ 3 ਦੇ ਹੱਕ ਵਿੱਚ ਕੀਤਾ ਬੈਨਾਮਾ ਮਿਤੀ 30.10.2007, ਸੂਟ ਦੀ ਸਮੂਲੀਅਤ ਦੌਰਾਨ ਲਿਸ ਪੈਂਡਨਜ਼ ਦੁਆਰਾ ਪ੍ਰਭਾਵਿਤ ਸੀ। ਇਸ ਲਈ ਇਹ ਗੈਰ-ਕਾਨੂੰਨੀ, ਨੱਲ ਅਤੇ ਬੇਅਸਰ ਸੀ।

5. ਉੱਤਰਵਾਦੀ ਦੀ ਤਰਫ਼ੋਂ ਪੇਸ਼ ਹੋਏ ਸੀਨੀਅਰ ਵਕੀਲ ਸ੍ਰੀ ਰਿਤਿਨ ਰਾਏ ਨੇ ਪੇਸ਼ ਕੀਤਾ ਕਿ ਅਪੀਲਕਰਤਾ ਨੇ ਉਸਦੇ ਪਿਤਾ ਧਰਮ ਸਿੰਘ (ਪ੍ਰਤੀਵਾਦੀ ਨੰ. 1) ਨਾਲ ਮਿਲ ਕੇ ਸਿਵਲ ਸੂਟ ਦਾਇਰ ਕੀਤਾ ਕਿਉਂਕਿ ਧਰਮ ਸਿੰਘ ਦਾ ਉੱਤਰਵਾਦੀ ਨੰ-1 ਨਾਲ ਵਿਆਹ ਟੁੱਟ ਗਿਆ ਸੀ ਅਤੇ ਬਾਅਦ ਵਿੱਚ ਇਹ ਤਲਾਕ ਦੀ ਡਿਕਰੀ ਦੁਆਰਾ 15.12.2010 ਨੂੰ ਖਤਮ ਹੋ ਗਿਆ। ਇਹ ਦਲੀਲ ਦਿੱਤੀ ਗਈ ਸੀ ਕਿ ਸਿਵਲ ਸੂਟ ਅਪੀਲਕਰਤਾ ਦੁਆਰਾ ਉਸਦੇ ਪਿਤਾ ਧਰਮ ਸਿੰਘ ਦੇ ਕਹਿਣ ਤੇ ਦਾਇਰ ਕੀਤਾ ਗਿਆ ਸੀ।

ਅੱਗੇ ਇਹ ਦਰਖਾਸਤ ਦਿੱਤੀ ਗਈ ਸੀ ਕਿ ਮੁਕੱਦਮਾ ਜਾਇਦਾਦ ਕੋਪਾਰਸਨਰੀ ਜਾਇਦਾਦ ਨਹੀਂ ਸੀ। ਜਦੋਂ ਦੋ ਬੈਨਾਮੇ ਮਿਤੀ 01.09.1999 ਨੂੰ ਕੀਤੇ ਗਏ ਤਾਂ ਡਿਕਰੀ ਮਿਤੀ 04.11.1964 ਦੁਆਰਾ ਵੰਡ ਹੋਣ ਉਪਰੰਤ ਇੰਦਰ ਸਿੰਘ ਦੀ ਜਾਇਦਾਦ ਕੋਪਾਰਸਨਰੀ ਜਾਇਦਾਦ ਨਹੀਂ ਸੀ। ਉੱਤਮ

ਬਨਾਮ ਸੌਭਾਗ ਸਿੰਘ ਵਿੱਚ ਇਸ ਅਦਾਲਤ ਦੇ ਫੈਸਲੇ ਨੂੰ ਕਾਇਮ ਕੀਤਾ ਗਿਆ ਹੈ, ਜਿਸ ਵਿੱਚ ਇਹ ਕਿਹਾ ਗਿਆ ਸੀ ਕਿ:-

> "18. ਇਸ ਮਸਲੇ ਲਈ ਸਾਡੇ ਸਾਹਮਣੇ ਕੁੱਝ ਹੋਰ ਜੱਜਮੈਂਟਾਂ ਦਾ ਹਵਾਲਾ ਦਿੱਤਾ ਗਿਆ ਸੀ ਕਿ ਸਾਂਝੀ ਪਰਿਵਾਰਕ ਜਾਇਦਾਦ ਇੱਕ ਇੱਕਲੇ ਜੀਵਿਤ ਕੋਪਾਰਸਨਰ ਨਾਲ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ ਅਤੇ ਜੇਕਰ ਉਸ ਤੋਂ ਬਾਅਦ ਅਜਿਹੇ ਕੋਪਾਰਸਨਰ ਦੇ ਮੁੰਡਾ ਹੁੰਦਾ ਹੈ ਤਾਂ ਸਾਂਝੀ ਪਰਿਵਾਰਕ ਜਾਇਦਾਦ ਇਸੇ ਤਰ੍ਹਾਂ ਜਾਰੀ ਰਹਿੰਦੀ ਹੈ, ਧਰਮ ਸ਼ਾਮ ਰਾਓ ਅਗੇਲਵੇ ਬਨਾਮ ਪਾਂਡੂਰੰਗ ਮੀਰਾਗੂ ਅਗਲਾਵੇ (1988) 2 ਐਸ ਸੀ ਸੀ 126, ਸ਼ੀਲਾ ਦੇਵੀ ਬਨਾਮ ਲਾਲ ਚੰਦ, (2006) 8 ਐਸ ਸੀ ਸੀ 581, ਅਤੇ ਰੋਹਿਤ ਚੌਹਾਨ ਬਨਾਮ ਸੁਰਿੰਦਰ ਸਿੰਘ (2013) 9 ਐਸ ਸੀ ਸੀ 419 ਦਾ ਵਰਨਣ ਇਸ ਮੰਤਵ ਲਈ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ ਕੋਈ ਵੀ ਜੱਜਮੈਂਟ ਅਪੀਲਕਰਤਾ ਨੂੰ ਇਸ ਤੱਥ ਦੇ ਮੱਦੇਨਜ਼ਰ ਅੱਗੇ ਨਹੀਂ ਲਵੇਗਾ ਕਿ ਉਨ੍ਹਾਂ ਵਿਚੋਂ ਕਿਸੇ ਵਿੱਚ ਵੀ ਹਿੰਦੂ ਉਤਰਾਧਿਕਾਰੀ ਐਕਟ (Hindu Succession Act) ਦੀ ਧਾਰਾ 4, 8 ਅਤੇ 19 ਦੇ ਪ੍ਰਭਾਵ ਬਾਰੇ ਕੋਈ ਵਿਚਾਰ ਨਹੀਂ ਕੀਤਾ ਗਿਆ ਹੈ। ਇਸ ਲਈ ਇਹ ਕਾਨੂੰਨ 2005 ਵਿੱਚ ਸੋਧ ਤੋਂ ਪਹਿਲਾਂ ਮਿਤਾਕਸ਼ਰਾ ਸਕੂਲ ਦੁਆਰਾ ਸੰਚਾਲਿਤ ਸਾਂਝੇ ਪਰਿਵਾਰਕ ਜਾਇਦਾਦ ਤੇ ਲਾਗੂ ਹੁੰਦਾ ਹੈ, ਇਸ ਲਈ ਸੰਖੇਪ ਵਿੱਚ ਇਸ ਤਰ੍ਹਾਂ ਕੀਤਾ ਜਾ ਸਕਦਾ ਹੈ:
>
> .....
>
> (vi) ਐਕਟ ਦੀ ਧਾਰਾ 4, 8 ਅਤੇ 19 ਨੂੰ ਮਿਲਾ ਕੇ ਪੜ੍ਹਨ ਤੇ, ਸੰਯੁਕਤ ਪਰਿਵਾਰਕ ਜਾਇਦਾਦ ਨੂੰ ਨਿਰਵਸੀਅਤ ਦੇ ਸਿਧਾਂਤਾਂ ਤੇ ਧਾਰਾ 8 ਦੇ ਅਨੁਸਾਰ ਵੰਡਣ ਤੋਂ ਬਾਅਦ, ਸੰਯੁਕਤ ਪਰਿਵਾਰਕ ਜਾਇਦਾਦ ਕਈ ਲੋਕਾਂ ਜਿਹਨਾਂ ਦੇ ਹੱਥਾਂ ਵਿਚ ਸੰਯੁਕਤ ਪਰਿਵਾਰਕ ਜਾਇਦਾਦ ਨਹੀਂ ਰਹਿੰਦੀ ਕਿਉਂਕਿ ਉਹ ਜਾਇਦਾਦ ਸਾਂਝੇ ਕਿਰਾਏਦਾਰਾਂ ਵਜੋਂ ਰੱਖਦੇ ਹਨ ਨਾ ਕਿ ਸੰਯੁਕਤ ਕਿਰਾਏਦਾਰਾਂ ਵਜੋਂ।"

ਅੱਗੇ ਇਹ ਪੇਸ਼ ਕੀਤਾ ਗਿਆ ਕਿ ਅਪੀਲਕਰਤਾ ਕੋਲ ਸਿਵਲ ਸੂਟ ਦਾਇਰ ਕਰਨ ਦਾ ਇਸ ਆਧਾਰ ਤੇ ਅਧਿਕਾਰ ਨਹੀਂ ਸੀ ਕਿ ਉੱਤਰਵਾਦੀ ਨੰ 1 ਦੁਆਰਾ ਧਰਮ ਸਿੰਘ ਨੂੰ ਬਦਲੇ ਵਿੱਚ ਕੁੱਝ ਨਹੀਂ ਦਿੱਤਾ ਗਿਆ ਸੀ। ਅਪੀਲਕਰਤਾ ਬੈਨਾਮੇ ਵਿੱਚ ਧਿਰ ਨਹੀਂ ਸੀ ਅਤੇ ਸਿਰਫ ਬੈਨਾਮੇ ਕਰਨ ਵਾਲੇ ਭਾਵ ਧਰਮ ਸਿੰਘ ਹੀ ਅਜਿਹਾ ਮੁਕੱਦਮਾ ਦਾਇਰ ਕਰ ਸਕਦਾ ਹੈ।

6. ਜਿਹੜੇ ਮੁੱਦੇ ਸਾਡੇ ਸਾਹਮਣੇ ਵਿਚਾਰਨ ਲਈ ਆਏ ਹਨ ਦੇ ਦੋ ਪੱਖ ਹਨ:- (i) ਸੂਟ ਜਾਇਦਾਦ ਧਰਮ ਸਿੰਘ ਦੀ ਕੋਪਾਰਸਨਰੀ ਜਾਇਦਾਦ ਹੈ ਜਾਂ ਖੁੱਦ ਪ੍ਰਾਪਤ ਕੀਤੀ ਜਾਇਦਾਦ ਹੈ। (ii) ਧਰਮ ਸਿੰਘ ਦੁਆਰਾ ਉੱਤਰਵਾਦੀ ਨੰ-1 ਦੇ ਹੱਕ ਵਿੱਚ ਕੀਤੇ ਬੈਨਾਮੇ ਮਿਤੀ 01.09.1999 ਦੀ ਵੈਧਤਾ ਅਤੇ ਅਗਲਾ

ਬੈਨਾਮਾ ਮਿਤੀ 30.10.2007 ਜੋ ਉੱਤਰਵਾਦੀ ਨੰ 1 ਦੁਆਰਾ ਉੱਤਰਵਾਦੀ ਨੰ 2 ਅਤੇ 3 ਦੇ ਹੱਕ ਵਿੱਚ ਕੀਤੇ ਗਏ।

7. ਪਹਿਲੇ ਮੁੱਦੇ ਦੇ ਸੰਬੰਧ ਵਿੱਚ ਇਹ ਕਿਹਾ ਗਿਆ ਹੈ ਕਿ ਇੰਦਰ ਸਿੰਘ ਨੇ ਸਾਰੀ ਸੂਟ ਜਾਇਦਾਦ ਆਪਣੇ ਪਿਤਾ ਲਾਲ ਸਿੰਘ ਤੋਂ ਉਸਦੀ ਮੌਤ ਤੋਂ ਬਾਅਦ ਵਰਾਸਤ ਵਿੱਚ ਲਈ ਹੈ। ਉੱਤਰਵਾਦੀ ਨੰ 1 ਦੁਆਰਾ ਪੇਸ਼ ਕੀਤੀ ਗਈ ਮਿਤੀ 16.01.1956 ਨੂੰ ਦਰਜ ਇੰਤਕਾਲ ਅਨੁਸਾਰ, ਲਾਲ ਸਿੰਘ ਦੀ ਮੌਤ 1951 ਵਿੱਚ ਹੋ ਗਈ। ਇਸ ਲਈ ਇਸ ਮੁੱਕਦਮੇ ਵਿੱਚ ਵਰਾਸਤ 1951 ਵਿੱਚ ਹਿੰਦੂ ਉਤਰਾ ਅਧਿਕਾਰੀ (Succession) ਐਕਟ, 1956 ਦੇ ਸ਼ੁਰੂ ਹੋਣ ਤੋਂ ਪਹਿਲਾਂ ਸਾਹਮਣੇ ਆਈ, ਜਦੋਂ ਇੰਦਰ ਸਿੰਘ ਨੂੰ ਉਸਦੇ ਪਿਤਾ ਲਾਲ ਸਿੰਘ ਦੀ ਜਾਇਦਾਦ ਪੁਰਾਣੇ ਹਿੰਦੂ ਮਿਤਾਕਸ਼ਰਾ ਕਾਨੂੰਨ ਦੇ ਅਨੁਸਾਰ ਵਰਾਸਤ ਵਿੱਚ ਮਿਤੀ ਸੀ।

7.1 ਮੁੱਲਾ ਨੇ ਆਪਣੀ ਹਿੰਦੂ ਕਾਨੂੰਨ (22ਵੇ ਅਡੀਸ਼ਨ) ਬਾਰੇ ਆਪਣੀ ਟਿੱਪਣੀ ਵਿੱਚ ਮਿਤਾਕਸ਼ਰਾ ਕਾਨੂੰਨ ਅਧੀਨ ਉਤਰਾਧਿਕਾਰ ਦੇ ਸੰਬੰਧ ਵਿੱਚ ਸਥਿਤੀ ਨੂੰ ਇਸ ਤਰ੍ਹਾਂ ਦਰਸਾਇਆ ਹੈ:-

ਪੰਨਾ 129

> “ ਇੱਕ ਪੁੱਤਰ, ਇੱਕ ਪੋਤਾ, ਜਿਸ ਦਾ ਪਿਤਾ ਮਰ ਗਿਆ ਹੈ, ਅਤੇ ਇੱਕ ਪੜਪੋਤਾ ਜਿਸਦਾ ਪਿਤਾ ਅਤੇ ਦਾਦਾ ਦੋਵੇਂ ਮਰੇ ਹੋਏ ਹਨ, ਮ੍ਰਿਤਕ ਦੀ ਵਖਰੀ ਜਾਂ ਖੁਦ ਪ੍ਰਾਪਤ ਕੀਤੀ ਜਾਇਦਾਦ ਨਾਲ ਉੱਤਰ-ਜੀਵਨ ਦੇ ਹੱਕ ਦਾ ਇੱਕਲਾ ਵਾਰਸ ਹੈ।”

ਪੰਨਾ 327

> “ ਇੱਕ ਹਿੰਦੂ ਮਰਦ ਦੁਆਰਾ ਆਪਣੇ ਪਿਤਾ, ਦਾਦਾ ਜਾਂ ਪੜਦਾਦੇ ਤੋਂ ਵਰਾਸਤ ਵਿੱਚ ਪ੍ਰਾਪਤ ਕੀਤੀ ਸਾਰੀ ਜਾਇਦਾਦ ਪੁਰਖੀ ਜਾਇਦਾਦ ਹੈ। ਮਿਤਾਕਸ਼ਰਾ ਕਾਨੂੰਨ ਦੇ ਅਨੁਸਾਰ ਪੁਰਖੀ ਜਾਇਦਾਦ ਦੀ ਆਵਸ਼ੱਕ ਵਿਸ਼ੇਸ਼ਤਾ ਇਹ ਹੈ ਕਿ ਉਹ ਵਿਅਕਤੀ ਜੋ ਇਸ ਨੂੰ ਵਰਾਸਤ ਵਿੱਚ ਲੈਂਦਾ ਹੈ ਦੇ ਪੁੱਤਰ, ਪੋਤੇ ਅਤੇ ਪੜਪੋਤੇ ਆਪਣੇ ਜਨਮ ਦੇ ਸਮੇਂ ਅਜਿਹੀ ਜਾਇਦਾਦ ਨਾਲ ਜੁੜੇ ਅਧਿਕਾਰ ਅਤੇ ਲਾਭ ਪ੍ਰਾਪਤ ਕਰਦਾ ਹੈ।
>
> ਇੱਕ ਵਿਅਕਤੀ ਜੋ ਆਪਣੇ ਪਹਿਲੇ ਤਿੰਨ ਪਿਤਾ ਪੁਰਖੀ ਤੋਂ ਜਾਇਦਾਦ ਵਰਾਸਤ ਵਿੱਚ ਲੈਂਦਾ ਹੈ ਅਤੇ ਕੋਪਾਰਸਨਰੀ ਦੇ ਤੌਰ ਤੇ ਆਪਣੇ ਪੁੱਤਰ, ਪੋਤੇ ਅਤੇ ਪੜਪੋਤੇ ਨਾਲ ਰੱਖਦਾ ਹੈ ਪਰੰਤੂ ਦੂਜੇ ਸੰਬੰਧਾਂ ਦੇ ਸੰਬੰਧ ਵਿੱਚ, ਉਹ ਇਸਨੂੰ ਰੱਖਦਾ ਹੈ ਅਤੇ ਇਸ ਨੂੰ ਆਪਣੇ ਕੋਲ ਸੰਪੂਰਨ ਜਾਇਦਾਦ ਦੇ ਤੌਰ ਤੇ ਰੱਖਣ ਦਾ ਹੱਕਦਾਰ ਹੈ। ”

(ਜ਼ੋਰ ਦਿੱਤਾ)

7.2 ਸ਼ਿਆਮ ਨਾਰਾਇਣ ਪ੍ਰਸਾਦ ਬਨਾਮ ਕ੍ਰਿਸ਼ਨਾ ਪ੍ਰਸਾਦ ਅਤੇ ਹੋਰ ਵਿੱਚ ਇਸ ਅਦਾਲਤ ਨੇ ਹਾਲ ਹੀ ਵਿੱਚ ਕਿਹਾ ਹੈ:-

> " 12. ਇਹ ਸੁਲਝਾਇਆ ਗਿਆ ਹੈ ਕਿ ਹਿੰਦੂ ਮਰਦ ਦੁਆਰਾ ਵਰਾਸਤ ਵਿੱਚ ਉਸਦੇ ਪਿਤਾ, ਦਾਦਾ ਅਤੇ ਪੜਦਾਦੇ ਤੋਂ ਲਈ ਜਾਇਦਾਦ ਪੁਰਖੀ ਜਾਇਦਾਦ ਹੈ। ਮਿਤਾਕਸ਼ਰਾ ਕਾਨੂੰਨ ਦੇ ਅਨੁਸਾਰ ਪੁਰਖੀ ਜਾਇਦਾਦ ਦੀ ਆਵਸ਼ੱਕ ਵਿਸ਼ੇਸ਼ਤਾ ਇਹ ਹੈ ਕਿ ਉਹ ਵਿਅਕਤੀ ਜੋ ਇਸ ਨੂੰ ਵਰਾਸਤ ਵਿੱਚ ਲੈਂਦਾ ਹੈ ਦੇ ਪੁੱਤਰ, ਪੋਤੇ ਅਤੇ ਪੜਪੋਤੇ ਆਪਣੇ ਜਨਮ ਦੇ ਸਮੇਂ ਅਜਿਹੀ ਜਾਇਦਾਦ ਨਾਲ ਜੁੜੇ ਲਾਭ ਅਤੇ ਅਧਿਕਾਰ ਪ੍ਰਾਪਤ ਕਰਦਾ ਹੈ। ਜਿਹੜਾ ਹਿੱਸਾ ਇੱਕ ਕੋਪਾਰਸਨਰ, ਪੁਰਖੀ ਜਾਇਦਾਦ ਦੀ ਵੰਡ ਤੋਂ ਪ੍ਰਾਪਤ ਕਰਦਾ ਹੈ ਉਹ ਉਸਦੀ ਨਰੀਨਾ ਸੰਤਾਨ ਦੇ ਸੰਬੰਧ ਵਿੱਚ ਪੁਰਖੀ ਜਾਇਦਾਦ ਹੈ। ਵੰਡ ਹੋਣ ਤੋਂ ਬਾਅਦ, ਮੁੰਡੇ ਦੇ ਕੋਲ ਜਾਇਦਾਦ ਪੁਰਖੀ, ਜਾਇਦਾਦ ਹੀ ਰਹਿੰਦੀ ਹੈ ਅਤੇ ਉਸ ਪੁੱਤਰ ਦਾ ਆਪਣਾ ਜਾਂ ਗੋਦ ਲਿਆ ਮੁੰਡਾ ਇਸ ਵਿੱਚ ਲਾਭ ਲਵੇਗਾ ਅਤੇ ਉਤਰ-ਜੀਵਨ ਤੋਂ ਇਸਦਾ ਹੱਕਦਾਰ ਹੈ।

7.3 ਮਿਤਾਕਸ਼ਰਾ ਕਾਨੂੰਨ ਦੇ ਅਧੀਨ ਜਦੋਂ ਵੀ ਕੋਈ ਮਰਦ ਪੁਰਖੀ ਆਪਣੇ ਤੋਂ ਤਿੰਨ ਪੀੜ੍ਹੀ ਉਪਰ ਪਿਤਾ-ਪੁਰਖੀ ਤੋਂ ਕੋਈ ਜਾਇਦਾਦ ਵਰਾਸਤ ਵਿੱਚ ਲੈਂਦਾ ਹੈ ਤਾਂ ਉਸ ਤੋਂ ਥੱਲੇ ਤਿੰਨ ਪੀੜ੍ਹੀ ਤੱਕ ਮਰਦ ਕਾਨੂੰਨੀ ਵਾਰਸ ਕੋਪਾਰਸਨਰ ਦੀ ਤਰ੍ਹਾਂ ਜਾਇਦਾਦ ਵਿੱਚ ਬਰਾਬਰ ਹੱਕ ਲੈਣਗੇ।

7.4 ਯੁਧਿਸ਼ਟਰ ਬਨਾਮ ਅਸ਼ੋਕ ਕੁਮਾਰ ਵਿੱਚ ਇਸ ਅਦਾਲਤ ਨੇ ਕਿਹਾ ਕਿ:

> " 11. ਇਸ ਪ੍ਰਸ਼ਨ ਨੂੰ ਕਮਿਸ਼ਨਰ ਆਫ ਵੈਲਥ ਟੈਕਸ, ਕਾਨਪੁਰ ਅਤੇ ਹੋਰ ਬਨਾਮ ਚੰਦਰ ਸੇਨ ਅਤੇ ਹੋਰ (1986) 161 ITR 370 (SC) ਵਿੱਚ ਇਸ ਅਦਾਲਤ ਦੁਆਰਾ ਵਿਚਾਰਿਆ ਗਿਆ ਹੈ, ਜਿੱਥੇ ਸਾਡੇ ਵਿੱਚੋਂ ਇੱਕ (ਸਬਯਾਸਾਚੀ ਮੁਖਰਜੀ. ਜੇ) ਨੇ ਦੇਖਿਆ ਕਿ ਹਿੰਦੂ ਕਾਨੂੰਨ ਦੇ ਤਹਿਤ, ਜਦੋਂ ਇੱਕ ਪੁੱਤਰ ਦਾ ਜਨਮ ਹੁੰਦਾ ਹੈ, ਉਹ ਪਿਤਾ ਦੀ ਜਾਇਦਾਦ ਵਿੱਚ ਹਿੱਸਾ ਪਾਉਂਦਾ ਹੈ ਅਤੇ ਕੋਪਾਰਸਨਰੀ ਦਾ ਹਿੱਸਾ ਬਣ ਜਾਂਦਾ ਹੈ। ਉਸਦਾ ਹੱਕ ਉਸਦੇ ਪਿਤਾ ਦੀ ਮੌਤ ਤੋਂ ਜਾਂ ਪਿਤਾ ਦੀ ਵਰਾਸਤ ਤੋਂ ਨਹੀਂ ਬਲਕਿ ਉਸਦੇ ਜਨਮ ਤੋਂ ਹੀ ਉਸਨੂੰ ਪ੍ਰਾਪਤ ਹੈ। ਆਮ ਤੌਰ ਤੇ, ਇਸ ਲਈ ਜਦੋਂ ਵੀ ਪਿਤਾ ਕਿਸੇ ਵੀ ਸਰੋਤ ਤੋਂ, ਦਾਦੇ ਤੋਂ ਜਾਂ ਕਿਸੇ ਹੋਰ ਸਰੋਤ ਤੋਂ, ਜਾਇਦਾਦ ਪ੍ਰਾਪਤ ਕਰਦਾ ਹੈ, ਭਾਵੇਂ ਇਹ ਵੱਖਰੀ ਜਾਇਦਾਦ ਹੈ ਜਾਂ ਨਹੀਂ, ਉਸਦੇ ਪੁੱਤਰ ਦਾ ਉਸ ਵਿੱਚ ਹਿੱਸਾ ਹੋਣਾ ਚਾਹੀਦਾ ਹੈ ਅਤੇ ਇਹ ਉਸਦੇ ਪੁੱਤਰ ਅਤੇ ਪੋਤੇ ਦੀ ਅਤੇ ਸੰਯੁਕਤ ਹਿੰਦੂ ਪਰਿਵਾਰ ਹੋਰ ਮੈਬਰ ਜੋ ਉਸਦਾ ਸੰਯੁਕਤ ਹਿੰਦੂ

> ਪਰਿਵਾਰ ਬਣਾਦੇ ਹਨ ਦਾ ਹਿੱਸਾ ਬਣ ਜਾਵੇਗੀ। ਇਸ ਅਦਾਲਤ ਨੇ ਵਿਚਾਰਿਆ ਕਿ ਇਹ ਸਥਿਤੀ ਹਿੰਦੂ ਉਤਰਾਧਿਕਾਰੀ ਐਕਟ, 1956 ਦੀ ਧਾਰਾ 8 ਦੁਆਰਾ ਪ੍ਰਭਾਵਿਤ ਹੈ ਅਤੇ ਇਸ ਲਈ ਐਕਟ ਤੋਂ ਬਾਅਦ, ਜਦੋਂ ਪੁੱਤਰ ਨੇ ਧਾਰਾ 8 ਵਿੱਚ ਵਿਚਾਰੀ ਗਈ ਸਥਿਤੀ ਵਿੱਚ ਜਾਇਦਾਦ ਵਰਾਸਤ ਵਿੱਚ ਲਈ, ਉਹ ਇਸ ਨੂੰ ਆਪਣੀ ਅਣਵੰਡੇ ਪਰਿਵਾਰ ਦੀ 'ਕਾਰ' ਵਜੋਂ ਨਹੀਂ ਲੈਂਦਾ ਬਲਕਿ ਇਸਨੂੰ ਆਪਣੀ ਵਿਅਕਤੀਗਤ ਸਮੱਰਥਾ ਵਿੱਚ ਲੈਂਦਾ ਹੈ।
>
> (ਜ਼ੋਰ ਦਿੱਤਾ)

7.5 ਹਿੰਦੂ ਉਤਰਾਧਿਕਾਰੀ ਐਕਟ, 1956 ਦੇ ਲਾਗੂ ਹੋਣ ਤੋਂ ਬਾਅਦ, ਇਸ ਸਥਿਤੀ ਵਿੱਚ ਤਬਦੀਲੀ ਆਈ ਹੈ। 1956 ਤੋਂ ਬਾਅਦ, ਜੇ ਕੋਈ ਵਿਅਕਤੀ ਆਪਣੇ ਪਿਤਾ-ਪੁਰਖੀ ਤੋਂ ਸਵੈ-ਪ੍ਰਾਪਤ ਕੀਤੀ ਜਾਇਦਾਦ ਵਰਾਸਤ ਵਿੱਚ ਲੈਂਦਾ ਹੈ ਤਾਂ ਉਹ ਜਾਇਦਾਦ ਉਸਦੀ ਸਵੈ-ਪ੍ਰਾਪਤ ਕੀਤੀ ਜਾਇਦਾਦ ਬਣ ਜਾਂਦੀ ਹੈ ਅਤੇ ਕੋਪਾਰਸਨਰੀ ਜਾਇਦਾਦ ਨਹੀਂ ਰਹਿੰਦੀ।

7.6 ਜੇਕਰ ਪੁਰਾਣੇ ਹਿੰਦੂ ਕਾਨੂੰਨ ਦੇ ਅਧੀਨ ਉਤਰਾਧਿਕਾਰੀ ਸਾਹਮਣੇ ਆਈ ਭਾਵ ਹਿੰਦੂ ਉਤਰਾਧਿਕਾਰੀ ਐਕਟ, 1956 ਦੇ ਸ਼ੁਰੂ ਹੋਣ ਤੋਂ ਪਹਿਲਾਂ, ਧਿਰ ਮਿਤਾਕਸ਼ਰਾ ਕਾਨੂੰਨ ਦੇ ਅਧੀਨ ਕੰਮ ਕਰਨਗੀਆਂ। ਇੱਕ ਹਿੰਦੂ ਮਰਦ ਦੁਆਰਾ ਆਪਣੇ ਪਿਤਾ-ਮਰਦ ਪੁਰਖੀ ਤੋਂ ਵਰਾਸਤ ਵਿੱਚ ਲਈ ਗਈ ਜਾਇਦਾਦ ਉਸਦੇ ਕੋਲ ਕੋਪਾਰਸਨਰੀ ਜਾਇਦਾਦ ਹੋਵੇਗੀ ਅਰਥਾਤ ਉਸਦੀ ਨਰੀਨਾ ਸੰਤਾਨ ਉਸ ਤੋਂ ਥੱਲੇ ਤਿੰਨ ਪੀੜ੍ਹੀਆਂ ਤੱਕ। ਹਿੰਦੂ ਉਤਰਾਧਿਕਾਰੀ ਐਕਟ, 1956 ਦੇ ਸ਼ੁਰੂ ਹੋਣ ਤੋਂ ਬਾਅਦ ਵੀ ਜਾਇਦਾਦ ਕੋਪਾਰਸਨਰੀ ਜਾਇਦਾਦ ਹੀ ਰਹੇਗੀ।

7.7 ਮੌਜੂਦਾ ਕੇਸ ਵਿੱਚ, ਲਾਲ ਸਿੰਘ ਦੀ ਮੌਤ ਤੇ 1951 ਵਿੱਚ ਉਤਰਾਧਿਕਾਰੀ ਸਾਹਮਣੇ ਆਈ। ਉਸਦੇ ਪੁੱਤਰ ਇੰਦਰ ਸਿੰਘ ਦੁਆਰਾ ਵਰਾਸਤ ਵਿੱਚ ਲਈ ਗਈ ਜਾਇਦਾਦ ਕੋਪਾਰਸਨਰੀ ਸੀ। ਭਾਵੇਂ ਇੰਦਰ ਸਿੰਘ ਨੇ ਆਪਣੇ ਪੁੱਤਰਾਂ ਵਿੱਚ ਸੰਨ 1964 ਵਿੱਚ ਕੋਪਾਰਸਨਰੀ ਜਾਇਦਾਦ ਦੀ ਵੰਡ ਕੀਤੀ ਸੀ, ਇੰਦਰ ਸਿੰਘ ਦੇ ਪੁੱਤਰਾਂ ਦੁਆਰਾ ਵਰਾਸਤ ਵਿੱਚ ਲਈ ਗਈ ਜਾਇਦਾਦ ਕੋਪਾਰਸਨਰ ਜਾਇਦਾਦ ਰਹੇਗੀ ਉਸਦੀ ਨਰੀਨਾ ਸੰਤਾਨ ਤੋਂ ਥੱਲੇ ਤਿੰਨ ਪੀੜ੍ਹੀਆਂ ਤੱਕ।

7.8 ਉੱਤਮ ਬਨਾਮ ਸੌਭਾਗ ਸਿੰਘ (ਸੁਪਰਾ) ਵਿੱਚ ਜੱਜਮੈਂਟ ਤੇ ਉੱਤਰਵਾਧੀ ਦੁਆਰਾ ਭਰੋਸਾ ਦਵਾਇਆ ਗਿਆ ਜੋ ਮੌਜੂਦਾ ਕੇਸ ਦੇ ਤੱਥਾਂ ਤੇ ਲਾਗੂ ਨਹੀਂ ਹੈ। ਉੱਤਮ ਵਿੱਚ, ਇੱਥੇ ਅਪੀਲਕਰਤਾ ਆਪਣਾ ਦਾਦਾ ਜੋ 1973 ਵਿੱਚ ਅਪੀਲਕਰਤਾ ਦੇ ਜਨਮ ਤੋਂ ਪਹਿਲਾ ਮਰ ਗਿਆ ਸੀ, ਦੀ ਕੋਪਾਰਸਨਰੀ ਜਾਇਦਾਦ ਵਿੱਚ ਇੱਕ ਹਿੱਸੇ ਦਾ ਦਾਅਵਾ ਕਰ ਰਿਹਾ ਸੀ।ਉਤਰਾਧਿਕਾਰੀ ਹਿੰਦੂ ਉਤਰਾਧਿਕਾਰੀ ਐਕਟ, 1956 ਲਾਗੂ ਹੋਣ ਤੋਂ ਬਾਅਦ 1973 ਵਿਚ ਸਾਹਮਣੇ ਆਈ।

ਅਦਾਲਤ ਦਾ ਤਾਲੁਕ ਪੁਰਖੀ ਜਾਇਦਾਦ ਵਿੱਚ ਅਪੀਲਕਰਤਾ ਦੇ ਦਾਦੇ ਦੇ ਹਿੱਸੇ ਨਾਲ ਅਤੇ ਹਿੰਦੂ ਉਤਰਾਧਿਕਾਰੀ ਐਕਟ, 1956 ਦੀ ਧਾਰਾ 8 ਦੇ ਪ੍ਰਭਾਵ ਨਾਲ ਸੀ। ਇਹਨਾਂ ਤੱਥਾਂ ਦੇ ਮੱਦੇਨਜ਼ਰ, ਇਸ ਕੋਰਟ ਨੇ ਕਿਹਾ ਕਿ ਹਿੰਦੂ ਉਤਰਾਧਿਕਾਰੀ ਐਕਟ 1956 ਦੀ ਧਾਰਾ 8 ਦੇ ਅਨੁਸਾਰ ਜਾਇਦਾਦ ਵੰਡਣ ਤੋਂ ਬਾਅਦ, ਅਜਿਹੀ ਜਾਇਦਾਦ ਵੱਖ-ਵੱਖ ਵਿਅਕਤੀ ਜੋ ਇਸਦੇ ਉਤਰਾਧਿਕਾਰੀ ਹਨ ਦੇ ਹੱਥਾਂ ਵਿੱਚ ਸੰਯੁਕਤ ਪਰਿਵਾਰਕ ਜਾਇਦਾਦ ਨਹੀਂ ਰਹਿੰਦੀ। ਇਸ ਲਈ ਇਹ ਕਿਹਾ ਗਿਆ ਸੀ ਕਿ ਅਪੀਲਕਰਤਾ ਇੱਕ ਕੋਪਾਰਸਨਰ ਨਹੀਂ ਸੀ ਅਰਥਾਤ ਆਪਣੇ ਦਾਦੇ ਦੇ ਹਿੱਸੇ ਵਿੱਚ।

7.9 ਮੌਜੂਦਾ ਕੇਸ ਵਿੱਚ ਲਾਲ ਸਿੰਘ ਦੀ ਸਾਰੀ ਜਾਇਦਾਦ ਉਸਦੇ ਪੁੱਤਰ ਇੰਦਰ ਸਿੰਘ ਦੁਆਰਾ 1956 ਤੋਂ ਪਹਿਲਾਂ ਕੋਪਾਰਸਨਰ ਜਾਇਦਾਦ ਵਜੋਂ ਵਰਾਸਤ ਵਿੱਚ ਲਈ ਗਈ ਸੀ। ਇਹ ਕੋਪਾਰਸਨਰੀ ਜਾਇਦਾਦ ਅਦਾਲਤ ਦੁਆਰਾ ਵੰਡ ਦੀ ਡਿਕਰੀ ਮਿਤੀ 04.11.1964 ਦੁਆਰਾ ਇੰਦਰ ਸਿੰਘ ਦੇ ਤਿੰਨ ਪੁੱਤਰਾਂ ਵਿੱਚ ਵੰਡੀ ਗਈ ਸੀ। ਕੋਪਾਰਸਨਰਸ ਨੂੰ ਅਲਾਟਮੈਂਟ ਵਿੱਚ ਵੰਡੇ ਹਿੱਸੇ ਉਹਨਾਂ ਕੋਲ ਕੋਪਾਰਸਨਰੀ ਜਾਇਦਾਦ ਹੀ ਰਹਿਣਗੀ (qua) ਉਹਨਾਂ ਦੇ ਨਰੀਨਾ ਸੰਤਾਨ ਤੋਂ। ਨਤੀਜੇ ਵਜੋਂ ਧਰਮ ਸਿੰਘ ਨੂੰ ਵੰਡ ਵਿੱਚ ਅਲੌਟ ਕੀਤੀ ਜਾਇਦਾਦ ਕੋਪਾਰਸਨਰੀ ਜਾਇਦਾਦ ਰਹੇਗੀ ਅਪੀਲਕਰਤਾ ਦੇ ਸੰਬੰਧ ਵਿੱਚ।

7.10 ਵੰਡ ਵਿੱਚ ਹਾਸਲ ਕੀਤੇ ਹਿੱਸੇ ਦੇ ਅਵਰਤਣ ਦੇ ਸੰਬੰਧ ਵਿੱਚ, ਮੁੱਲਾ ਨੇ ਹਿੰਦੂ ਕਾਨੂੰਨ (22ਵੇ ਅਡੀਸ਼ਨ) ਵਿੱਚ ਕਿਹਾ ਹੈ ਕਿ :-

> "{339. ਵੰਡ ਵਿੱਚ ਹਾਸਲ ਕੀਤੇ ਹਿੱਸੇ ਦਾ ਅਵਰਤਣ (ਵਿਰਸੇ ਵਿੱਚ ਆਉਣਾ)- ਵੰਡ ਦਾ ਪ੍ਰਭਾਵ, ਕੋਪਾਰਸਨਰੀ ਨੂੰ ਰੱਦ ਕਰਨਾ ਹੈ, ਨਤੀਜੇ ਵਜੋਂ, ਕਿ ਵੱਖ ਹੋਣ ਵਾਲੇ ਮੈਂਬਰ ਬਾਅਦ ਵਿੱਚ ਆਪਣੇ ਹਿੱਸੇ ਆਪਣੀ ਵੱਖਰੀ ਜਾਇਦਾਦ ਵਜੋਂ ਰੱਖਣਗੇ ਅਤੇ ਹਰ ਮੈਂਬਰ ਦਾ ਹਿੱਸਾ ਉਸਦੀ ਮੌਤ ਤੋਂ ਬਾਅਦ ਉਸਦੇ ਵਾਰਸਾਂ ਨੂੰ ਮਿਲ ਜਾਵੇਗਾ। ਹਾਲਾਂਕਿ, ਜੇਕਰ ਇੱਕ ਮੈਂਬਰ

ਉਸਦੇ ਹੋਰ ਕੋਪਾਰਸਨਰਸ ਤੋਂ ਵੱਖਰਾ ਹੋਣ ਸਮੇਂ ਆਪਣੀ ਨਰੀਨਾ ਸੰਤਾਨ ਨਾਲ ਸਾਂਝਾ (ਜੁੜਾ) ਹੋਵੇ, ਉਸਨੂੰ ਵੰਡ ਦੌਰਾਨ ਦਿੱਤੇ ਹਿੱਸੇ, ਉਸਦੇ ਹੱਥਾਂ ਵਿੱਚ, ਕੋਪਾਰਸਨਰੀ ਜਾਇਦਾਦ ਦੇ ਗੁਣ ਬਰਕਰਾਰ ਰੱਖੇਗਾ, ਨਰੀਨਾ ਸੰਤਾਨ ਦੇ ਸੰਬੰਧ ਵਿੱਚ।

7.11 ਇਸ ਕੋਰਟ ਨੇ ਵਲੀਅਮਈ ਅਚੀ ਬਨਾਮ ਨਾਗੱਪਾ ਚੇਤੀਅਰ ਅਤੇ ਹੋਰ (Valliammai Achi Vs. Nagappa Chettiar and others) ਵਿੱਚ ਕਿਹਾ ਹੈ ਕਿ:-

> " 10. ਇਹ ਚੰਗੀ ਤਰ੍ਹਾਂ ਸੁਲਝਾਇਆ ਗਿਆ ਹੈ ਕਿ ਹਿੱਸੇਦਾਰ ਪੁਰਖੀ ਜਾਇਦਾਦ ਦੀ ਵੰਡ ਸਮੇਂ, ਜੋ ਹਿੱਸਾ ਪ੍ਰਾਪਤ ਕਰਦਾ ਹੈ, ਉਹ ਉਸਦੀ ਨਰੀਨਾ ਸੰਤਾਨ ਦੇ ਸੰਬੰਧ ਵਿੱਚ ਪੁਰਖੀ ਜਾਇਦਾਦ ਹੈ। ਭਾਵੇਂ ਉਹ ਵੰਡ ਸਮੇਂ ਹੋਂਦ ਵਿੱਚ ਹੋਣ ਜਾਂ ਬਾਅਦ ਵਿੱਚ ਪੈਦਾ ਹੋਏ ਹੋਣ, ਉਹਨਾਂ ਦਾ ਜਾਇਦਾਦ ਵਿੱਚ ਹਿੱਸਾ ਹੁੰਦਾ ਹੈ। [ਦੇਖੋ ਮੁੱਲਾ ਦੁਆਰਾ ਹਿੰਦੂ ਕਾਨੂੰਨ ਤੀਹਵਾਂ ਅਡੀਸ਼ਨ ਪੀ. 249 ਪੈਰ੍ਹਾ 223(2)(4)] ਜੇਕਰ ਅਜਿਹਾ ਹੈ ਤਾ, ਜਿੱਥੋਂ ਤੱਕ ਪੁੱਤਰਾਂ ਦਾ ਸੰਬੰਧ ਹੈ, ਵੰਡ ਤੋਂ ਬਾਅਦ ਵੀ ਪੁਰਖੀ ਜਾਇਦਾਦ ਦਾ ਪਾਤਰ ਨਹੀਂ ਬਦਲਦਾ ਹੈ, ਅਸੀਂ ਇਹ ਵੇਖਣ ਵਿੱਚ ਅਸਫਲ ਰਹਿੰਦੇ ਹਾਂ ਕਿ ਪਾਤਰ ਸਿਰਫ ਇਸ ਕਰਕੇ ਬਦਲ ਜਾਂਦਾ ਹੈ, ਕਿਉਂਕਿ ਪਿਤਾ ਇੱਕ ਵਸੀਅਤ ਬਣਾਉਂਦਾ ਹੈ, ਜਿਸ ਰਾਹੀਂ ਉਹ ਸਾਂਝੇ ਟੱਬਰ ਦੀ ਜਾਇਦਾਦ ਦੀ ਬਾਕੀ ਰਹਿੰਦੀ ਜਾਇਦਾਦ (ਕੁਝ ਵਸੀਅਤਾ ਬਣਾ ਕੇ) ਪੁੱਤਰ ਨੂੰ ਦਿੰਦਾ ਹੈ। "
>
> (ਜ਼ੋਰ ਦਿੱਤਾ ਗਿਆ)

7.12 ਸੂਟ ਪ੍ਰਾਪਰਟੀ, ਜੋ ਵੰਡ ਦੇ ਜ਼ਰੀਏ ਸਵ. ਧਰਮ ਸਿੰਘ ਦੇ ਹਿੱਸੇ ਵਿੱਚ ਆਈ, ਕੋਪਾਰਸਨਰੀ ਪ੍ਰਾਪਰਟੀ ਰਹੀ, ਕਿਉਂਕਿ ਉਸਦਾ ਪੁੱਤਰ-ਅਪੀਲ ਕਰਤਾ, 22/08/1985 ਨੂੰ ਆਪਣੇ ਜਨਮ ਦੋਰਾਨ ਸੂਟ ਪ੍ਰਾਪਰਟੀ ਵਿੱਚ ਕੋਪਾਰਸਨਰ ਬਣ ਗਿਆ।

ਅਪੀਲ ਕਰਤਾ ਦੇ ਸੂਟ ਪ੍ਰਾਪਰਟੀ ਵਿੱਚ ਕੋਪਾਰਸਨਰ ਬਣਨ ਤੋਂ ਬਾਅਦ, ਧਰਮ ਸਿੰਘ ਨੇ ਮੰਤਵ ਨਾਲ 01/09/1999 ਨੂੰ, ਦੋ ਬੈ-ਨਾਮੇ ਉੱਤਰਵਾਦੀ ਨੰਬਰ 1 ਦੇ ਹੱਕ ਵਿੱਚ ਕੀਤੇ।

8. ਦੂਸਰਾ ਵਿਚਾਰਯੋਗ ਮੁੱਦਾ ਇਹ ਹੈ ਕਿ ਕੀ ਧਰਮ ਸਿੰਘ ਦੁਆਰਾ, 01/09/1999 ਨੂੰ, ਉੱਤਰਵਾਦੀ ਨੰਬਰ 1 ਦੇ ਹੱਕ ਵਿੱਚ ਕੀਤੇ ਗਏ ਬੈ-ਨਾਮੇ ਵੈਧ ਸਨ ਜਾਂ ਨਹੀਂ।

8.1 ਇਹ ਇੱਕ ਸਥਾਪਤ ਕਾਨੂੰਨ ਹੈ ਕਿ ਇੱਕ ਕਰਤਾ ਦੀ ਕੋਪਾਰਸਨਰੀ ਪ੍ਰਾਪਰਟੀ ਨੂੰ ਵੇਚਣ ਦੀ ਸ਼ਕਤੀ ਕੁਝ ਪਾਬੰਦੀਆਂ ਦੇ ਅਧੀਨ ਹੈ ਜਿਵੇਂ ਕਿ:- ਵਿਕਰੀ ਕਾਨੂੰਨੀ ਜ਼ਰੂਰਤ ਲਈ ਜਾਂ ਜਾਇਦਾਦ ਦੇ ਲਾਭ ਲਈ ਹੋਣੀ ਚਾਹੀਦੀ ਹੈ। ਕਾਨੂੰਨੀ ਜਰੂਰਤ ਦੀ ਹੋਂਦ ਨੂੰ ਸਥਾਪਤ ਕਰਨ ਦੀ ਜਿੰਮੇਵਾਰੀ ਖਰੀਦਕਰਤਾ/ਇੰਤਕਾਲ ਪਾਤਰ (alienee) ਉੱਤੇ ਹੈ।

ਕੇਸ ਅਨੁਵਾਨ ਰਾਣੀ ਅਤੇ ਹੋਰ ਬਨਾਮ ਸੰਤਾ ਬਾਲਾ ਦੇਬਨਾਥ ਅਤੇ ਹੋਰ ਵਿੱਚ ਇਸ ਕੋਰਟ ਨੇ ਕਿਹਾ ਹੈ ਕਿ:-

> "10. ਬੈ ਦਾ ਸਮਰਥਨ ਕਰਨ ਲਈ ਕਾਨੂੰਨੀ ਜ਼ਰੂਰਤ, ਫਿਰ ਵੀ ਖਰੀਦਦਾਰਾਂ/ਇੰਤਕਾਲ ਪਾਤਰਾਂ ਦੁਆਰਾ ਸਥਾਪਤ ਕੀਤੀ ਹੋਣੀ ਚਾਹੀਦੀ ਹੈ। ਸਰਲਾ ਇੱਕ ਸੀਮਤ ਮਾਲਕ ਵਜੋਂ ਵਿਵਾਦਿਤ ਜ਼ਮੀਨ ਦੀ ਮਾਲਕ ਸੀ। ਉਹ ਕਾਨੂੰਨੀ ਜ਼ਰੂਰਤ ਜਾਂ ਸੰਪਤੀ ਦੇ ਲਾਭ ਲਈ ਸੰਪਤੀ ਰੂਪੀ ਸਾਰੀ ਜਾਇਦਾਦ ਦਾ ਨਿਪਟਾਰਾ ਕਰਨ ਲਈ ਯੋਗ ਸੀ। ਇਹ ਵਿਵਸਥਿਤ ਕਰਨ ਵਿੱਚ ਕਿ ਕੀ ਬੈ ਸਾਰੀ ਜਾਇਦਾਦ ਨੂੰ ਦਰਸਾਉਂਦੀ ਹੈ, ਜਾਇਦਾਦ ਤੇ ਅਸਲ ਦਬਾਅ, ਟਾਲਿਆ ਜਾਣ ਦਾ ਖਤਰਾ ਅਤੇ ਖਾਸ ਸਥਿਤੀ ਵਿੱਚ ਜਾਇਦਾਦ ਨੂੰ ਹੋਣ ਵਾਲੇ ਲਾਭ ਬਾਰੇ ਵਿਚਾਰ ਕੀਤਾ ਜਾਣਾ ਚਾਹੀਦਾ ਹੈ। ਕਾਨੂੰਨੀ ਜ਼ਰੂਰਤ ਦਾ ਅਰਥ, ਅਸਲ ਮਜਬੂਰੀ ਨਹੀਂ ਹੈ। ਇਸਦਾ ਅਰਥ ਹੈ ਜਾਇਦਾਦ ਉੱਤੇ ਦਬਾਅ, ਜਿਸਨੂੰ ਕਾਨੂੰਨ ਵਿੱਚ ਗੰਭੀਰ ਅਤੇ ਬਹੁਤਾ ਮੰਨਿਆ ਜਾਂਦਾ ਹੈ। ਖਰੀਦਦਾਰ/ਇੰਤਕਾਲ ਪਾਤਰਾਂ ਦੁਆਰਾ ਕਾਨੂੰਨੀ ਲੋੜ ਮੁੱਹਈਆ ਕਰਾਉਣ ਦੀ ਜ਼ਿੰਮੇਵਾਰੀ ਤੋਂ ਵਾਸਤਵਿਕ ਲੋੜ ਦਾ ਸਬੂਤ ਦੇ ਕੇ ਜਾਂ ਇਹ ਸਬੂਤ ਦੇ ਕੇ ਛੁਟਕਾਰਾ ਪਾਇਆ ਜਾ ਸਕਦਾ ਹੈ ਕਿ ਉਸਨੇ ਲੋੜ ਦੀ ਹੋਂਦ ਬਾਰੇ ਚੰਗੀ ਤਰ੍ਹਾਂ ਪੁੱਛ-ਗਿੱਛ ਕੀਤੀ ਅਤੇ ਇਹ ਕਿ ਉਸਨੇ ਉਹ ਸਭ ਕੀਤਾ ਜੋ ਕਿ ਲੋੜ ਦੀ ਹੋਂਦ ਬਾਰੇ ਆਪਣੇ ਆਪ ਨੂੰ ਸੰਤੁਸ਼ਟ ਕਰਨ ਲਈ ਉਚਿਤ ਸੀ।"

8.2 ਮੌਜੂਦਾ ਕੇਸ ਵਿੱਚ, ਇਹ ਸਿੱਧ ਕਰਨ ਦੀ ਜ਼ਿੰਮੇਵਾਰੀ ਖਰੀਦਦਾਰ/ਇੰਤਕਾਲ ਪਾਤਰ ਉੱਤੇ ਸੀ ਕਿ ਇੱਥੇ ਕਾਨੂੰਨੀ ਜ਼ਰੂਰਤ ਸੀ ਜਾਂ ਜਾਇਦਾਦ ਨੂੰ ਲਾਭ ਸੀ ਜਾਂ ਉਸਨੇ ਇਸ ਦੀ ਹੋਂਦ ਬਾਰੇ ਸਹੀ ਤਰ੍ਹਾਂ ਪੁੱਛ-ਗਿੱਛ ਕੀਤੀ ਸੀ।

8.3 ਉੱਤਰਵਾਦੀ ਨੰਬਰ 1 ਇਹ ਗੱਲ ਸਾਬਤ ਕਰਨ ਦੇ ਵਿੱਚ ਪੂਰੀ ਤਰ੍ਹਾਂ ਅਸਫਲ ਰਿਹਾ ਕਿ ਧਰਮ ਸਿੰਘ ਨੇ ਉਸਦੇ ਹੱਕ ਵਿੱਚ 01/09/1999 ਨੂੰ ਦੋ ਬੈ-ਨਾਮੇ, ਕਾਨੂੰਨੀ ਜ਼ਰੂਰਤ ਜਾਂ ਜਾਇਦਾਦ ਦੇ ਲਾਭ ਲਈ ਕੀਤੇ ਸੀ। ਅਸਲ ਵਿੱਚ, ਇਹ ਰਿਕਾਰਡ ਤੇ ਆਇਆ ਹੈ ਕਿ ਬੈ-ਨਾਮੇ ਬਿਨਾਂ ਕਿਸੇ ਬਦਲ ਦੇ ਕੀਤੇ ਗਏ ਸੀ।

ਧਰਮ ਸਿੰਘ ਨੇ ਟਰਾਇਲ ਕੋਰਟ ਦੇ ਸਾਹਮਣੇ ਇਹ ਗਵਾਹੀ ਦਿੱਤੀ ਕਿ ਉਸਨੇ ਉੱਤਰਵਾਦੀ ਨੰਬਰ 1 ਨੂੰ ਸੂਟ ਪ੍ਰਾਪਰਟੀ ਬਿਨਾਂ ਕਿਸੇ ਬਦਲ ਤੋਂ ਵੇਚੀ ਸੀ। ਉਤਰਵਾਦੀ ਨੰਬਰ 1 ਨੇ ਕੁਲੈਕਟਰ, ਫਿਰੋਜ਼ਪੁਰ ਦੇ ਸਾਹਮਣੇ ਇਹ ਮੰਨਿਆ ਕਿ ਬੈ-ਨਾਮੇ ਬਿਨਾਂ ਕਿਸੇ ਬਦਲ ਤੋਂ ਸਨ।

ਇਸ ਤਰ੍ਹਾਂ ਇੱਥੇ ਕਾਨੂੰਨੀ ਜ਼ਰੂਰਤ ਜਾਂ ਜਾਇਦਾਦ ਦੇ ਲਾਭ ਸੰਬੰਧੀ ਕੋਈ ਆਧਾਰ ਨਹੀਂ ਹੈ।

8.4 ਨਤੀਜੇ ਵਜੋਂ, 01/09/1999 ਨੂੰ ਕੀਤੇ ਗਏ ਬੈ-ਨਾਮੇ ਗੈਰ-ਕਾਨੂੰਨੀ, ਨਲ ਅਤੇ ਬੇ-ਅਸਰ ਹਨ, ਇਸ ਲਈ, ਰੱਦ ਕੀਤੇ ਜਾਂਦੇ ਹਨ। ਧਰਮ ਸਿੰਘ, ਕਥਿਤ ਬੈ-ਨਾਮਿਆਂ ਦੁਆਰਾ ਕੋਪਾਰਸਨਰੀ ਪ੍ਰਾਪਰਟੀ ਨੂੰ ਵੇਚ ਨਹੀਂ ਸਕਦਾ ਸੀ, ਜਿਸ ਵਿੱਚ, ਅਪੀਲ ਕਰਤਾ ਕੋਪਾਰਸਨਰ ਸੀ।

9. ਕਿਉਂਕਿ ਉੱਤਰਵਾਦੀ ਨੰਬਰ 1 ਨੇ 01/09/1999 ਦੇ ਬੈ-ਨਾਮਿਆਂ ਦੁਆਰਾ ਸੂਟ ਪ੍ਰਾਪਰਟੀ ਦਾ ਕੋਈ ਵੈਧ ਅਤੇ ਕਾਨੂੰਨੀ ਟਾਈਟਲ ਪ੍ਰਾਪਤ ਨਹੀਂ ਕੀਤਾ, ਇਸ ਲਈ, ਉਹ ਉੱਤਰਵਾਦੀ ਨੰਬਰ 2 ਅਤੇ 3 ਨੂੰ ਬਿਹਤਰ ਟਾਈਟਲ ਨਹੀਂ ਦੇ ਸਕਦਾ ਸੀ।

ਉਸ ਤੋਂ ਬਾਅਦ, ਉੱਤਰਵਾਦੀ ਨੰਬਰ 1 ਦੇ ਦੁਆਰਾ, ਉੱਤਰਵਾਦੀ ਨੰਬਰ 2 ਅਤੇ 3 ਦੇ ਹੱਕ ਵਿੱਚ ਕੀਤਾ ਗਿਆ ਬੈ-ਨਾਮਾ ਲਿਸ ਪੇਂਡਨਜ਼ ਦੇ ਸਿਧਾਂਤ (Doctrine of lis pendens) ਦੁਆਰਾ ਪ੍ਰਭਾਵਿਤ ਹੋਇਆ ਹੈ। ਲਿਸ ਪੇਂਡਨਜ਼ ਦੇ ਸਿਧਾਂਤ (Doctrine of lis pendens) ਦਾ ਮੂਲ ਸਿਧਾਂਤ ਇਹ ਹੈ ਕਿ ਜਦੋਂ ਮੁੱਕਦਮੇ ਬਾਜ਼ੀ ਦੌਰਾਨ (Pendente lite) ਪ੍ਰਾਪਰਟੀ ਤਬਦੀਲ ਕੀਤੀ ਜਾਂਦੀ ਹੈ ਤਾਂ ਪ੍ਰਾਪਰਟੀ ਤਬਦੀਲ ਕਰਨ ਵਾਲੇ (transferor) ਦਾ ਉਸ ਪ੍ਰਾਪਰਟੀ ਵਿੱਚ ਕੋਈ ਹੱਕ ਜਾਂ ਟਾਈਟਲ ਨਹੀਂ ਰਹਿੰਦਾ, ਜਿਸ ਨੂੰ ਪ੍ਰਾਪਰਟੀ ਤਬਦੀਲ (transferee) ਕੀਤੀ ਜਾਂਦੀ ਹੈ, ਉਸਦਾ ਉਸ ਪ੍ਰਾਪਰਟੀ ਵਿੱਚ ਕੋਈ ਟਾਈਟਲ ਨਹੀਂ ਹੁੰਦਾ। ਉੱਤਰਵਾਦੀ ਨੰਬਰ 1 ਦੁਆਰਾ, ਉੱਤਰਵਾਦੀ ਨੰਬਰ 2 ਅਤੇ 3 ਦੇ ਹੱਕ ਵਿੱਚ 30/10/2017 ਨੂੰ ਕੀਤਾ ਗਿਆ ਬੈਨਾਮਾ ਨਲ ਅਤੇ ਬੇਅਸਰ ਹੈ, ਇਸ ਲਈ ਰੱਦ ਕੀਤਾ ਜਾਂਦਾ ਹੈ।

10. ਮੁਦਈ/ਅਪੀਲਕਰਤਾ, ਸੂਟ ਪ੍ਰਾਪਰਟੀ ਵਿੱਚ ਇੱਕ ਪੁਰਸ਼ ਕੋਪਾਰਸਨਰ ਹੋਣ ਕਰਕੇ, ਆਪਣੇ ਪਿਤਾ ਧਰਮ ਸਿੰਘ ਦੁਆਰਾ ਉਦੇਸ਼ ਨਾਲ ਬੈ ਕੀਤੀ ਗਈ ਸੂਟ ਪ੍ਰਾਪਰਟੀ ਨਾਲ ਬਹੁਤ ਪ੍ਰਭਾਵਿਤ ਹੋਇਆ ਸੀ।

ਇਸ ਲਈ, ਅਪੀਲਕਰਤਾ ਕੋਲ ਇਸਤਕਰਾਰ ਦਾ ਦਾਅਵਾ ਕਰਨ ਦਾ ਅਧਿਕਾਰ ਸੀ ਕਿ ਸੂਟ ਪ੍ਰਾਪਰਟੀ ਕੋਪਾਰਸਨਰੀ ਪ੍ਰਾਪਰਟੀ ਹੋਣ ਕਰਕੇ, ਉਸਦਾ ਪਿਤਾ ਧਰਮ ਸਿੰਘ ਬਿਨਾਂ ਕਾਨੂੰਨੀ ਜ਼ਰੂਰਤ ਜਾਂ ਜਾਇਦਾਦ ਦੇ ਲਾਭ ਤੋਂ ਬਿਨਾਂ ਉਸਨੂੰ ਵੇਚ ਨਹੀਂ ਸਕਦਾ ਸੀ।

ਨਤੀਜੇ ਵਜੋਂ, ਅਪੀਲਕਰਤਾ ਕੋਰਟ ਵਿੱਚ ਇਸਤਕਰਾਰ ਦਾ ਦਾਅਵਾ ਕਰ ਸਕਦਾ ਸੀ ਕਿ 01/09/1999 ਨੂੰ, ਉਸਦੇ ਪਿਤਾ ਧਰਮ ਸਿੰਘ ਦੁਆਰਾ ਉੱਤਰਵਾਦੀ ਨੰਬਰ 1 ਦੇ ਹੱਕ ਵਿੱਚ ਕੀਤੇ ਗਏ ਦੋ ਬੈ-ਨਾਮੇ ਗੈਰ-ਕਾਨੂੰਨੀ, ਨਲ ਅਤੇ ਬੇਅਸਰ ਸਨ।

10.1 ਇਹ ਤੱਥ ਕਿ 01/09/1999 ਨੂੰ ਕੀਤੇ ਗਏ ਬੈ-ਨਾਮੇ ਬਿਨਾਂ ਕਿਸੇ ਬਦਲ ਤੋਂ ਸਨ, ਖੁਦ ਦਰਸਾਉਂਦੇ ਹਨ ਕਿ ਸੂਟ ਪ੍ਰਾਪਰਟੀ ਬਿਨਾਂ ਕਿਸੇ ਕਾਨੂੰਨੀ ਜ਼ਰੂਰਤ ਤੋਂ ਵੇਚੀ ਗਈ ਸੀ। ਕੋਪਾਰਸਨਰੀ ਪ੍ਰਾਪਰਟੀ ਹੋਣ ਕਰਕੇ ਇਹ ਬਿਨਾਂ ਕਿਸੇ ਕਾਨੂੰਨੀ ਜ਼ਰੂਰਤ ਜਾਂ ਜਾਇਦਾਦ ਦੇ ਲਾਭ ਤੋਂ ਬਿਨਾਂ ਨਹੀਂ ਵੇਚੀ ਜਾ ਸਕਦੀ ਸੀ।

10.2 ਜਮ੍ਹਾਂਬੰਦੀਆਂ ਪੇਸ਼ ਨਾ ਕਰਨ ਨਾਲ ਕੋਈ ਅੰਤਰ ਨਹੀਂ ਪਵੇਗਾ, ਕਿਉਂਕਿ ਇਹ ਸੂਟ ਪ੍ਰਾਪਰਟੀ ਦੇ ਟਾਈਟਲ/ਮਾਲਕੀ ਨੂੰ ਪ੍ਰਭਾਵਿਤ ਨਹੀਂ ਕਰਦੀਆਂ।

11. ਕਾਨੂੰਨ ਬਾਰੇ ਉਪਰੋਕਤ ਵਿਚਾਰ-ਵਟਾਂਦਰੇ ਦੇ ਮੱਦੇਨਜ਼ਰ, ਹਾਈ ਕੋਰਟ ਦੇ ਸਿੰਗਲ ਮਾਣਯੋਗ ਜੱਜ ਦੁਆਰਾ ਮਿਤੀ 13/11/2018 ਨੂੰ ਲਾਗੂ ਕੀਤੇ ਗਏ ਹੁਕਮ, ਨੂੰ ਖਾਰਜ ਕੀਤਾ ਜਾਂਦਾ ਹੈ ਕਿਉਂਕਿ ਇਹ ਕਾਨੂੰਨ ਦੇ ਉਲਟ ਹਨ।

01/09/1999 ਨੂੰ ਧਰਮ ਸਿੰਘ ਦੁਆਰਾ ਉੱਤਰਵਾਦੀ ਨੰਬਰ 1 ਦੇ ਹੱਕ ਵਿੱਚ ਕੀਤੇ ਗਏ ਬੈ-ਨਾਮੇ ਜਿਨ੍ਹਾਂ ਦਾ ਵਸੀਕਾ ਨੰਬਰ 1075 ਅਤੇ 1079 ਹੈ, ਰੱਦ ਅਤੇ ਖਾਰਜ਼ ਕੀਤੇ ਜਾਂਦੇ ਹਨ।

ਨਤੀਜੇ ਵਜੋਂ, ਬਾਅਦ ਵਿੱਚ, ਉੱਤਰਵਾਦੀ ਨੰਬਰ 1 ਦੁਆਰਾ, ਉੱਤਰਵਾਦੀ ਨੰਬਰ 2 ਅਤੇ 3 ਦੇ ਹੱਕ ਵਿੱਚ ਮੁੱਕਦਮੇ ਦੀ ਸਮੂਲੀਅਤ ਦੌਰਾਨ 30/10/2007 ਨੂੰ ਕੀਤਾ ਗਿਆ ਬੈ-ਨਾਮਾ, ਗੈਰ-ਕਾਨੂੰਨੀ ਹੈ, ਇਸ ਲਈ ਇਹ ਰੱਦ ਅਤੇ ਖਾਰਜ਼ ਕੀਤਾ ਜਾਂਦਾ ਹੈ।

ਅਪੀਲਕਰਤਾ ਦਾ ਨਾਂ, ਸੂਟ ਪ੍ਰਾਪਰਟੀ ਦੇ ਮਾਲਕ ਵਜੋਂ, ਜਮ੍ਹਾਂਬੰਦੀਆਂ ਵਿੱਚ ਦਰਜ਼ ਕੀਤਾ ਜਾਣਾ ਹੈ।

ਉਪਰੋਕਤ ਸ਼ਰਤਾਂ ਤੇ, ਸਿਵਲ ਅਪੀਲ ਨੂੰ ਮਨਜ਼ੂਰ ਕੀਤਾ ਜਾਂਦਾ ਹੈ। ਲੰਬਿਤ ਅਰਜ਼ੀਆਂ, ਜੇ ਕੋਈ ਹਨ, ਦਾ ਉਸੇ ਅਨੁਸਾਰ ਨਿਪਟਾਰਾ ਕੀਤਾ ਜਾਂਦਾ ਹੈ।

ਇਸ ਅਨੁਸਾਰ ਆਦੇਸ਼ ਦਿੱਤਾ ਗਿਆ।

ਉਦੈ ਉਮੇਸ਼ ਲਲਿਤ, ਜੱਜ
(UDAY UMESH LALIT) J.

ਇੰਦੂ ਮਲਹੋਤਰਾ, ਜੱਜ
(INDU MALHOTRA) J.

ਨਵੀਂ ਦਿੱਲੀ,
1 ਜੁਲਾਈ, 2019

ਡਿਸਕਲੇਮਰ:-ਸਥਾਨਕ ਭਾਸ਼ਾ ਵਿੱਚ ਅਨੁਵਾਦ ਕੀਤਾ ਗਿਆ ਨਿਆਂ ਨਿਰਣਾਂ ਕੇਵਲ ਮੁਕੱਦਮੇਬਾਜ਼ਾ ਲਈ ਉਹਨਾਂ ਦੀ ਆਪਣੀ ਭਾਸ਼ਾ ਵਿਚ ਸਮਝਣ ਤੱਕ ਹੀ ਸੀਮਤ ਹੈ ਅਤੇ ਇਸਦਾ ਕਿਸੇ ਹੋਰ ਉਦੇਸ਼ ਲਈ ਇਸਤੇਮਾਲ ਨਹੀਂ ਕੀਤਾ ਜਾ ਸਕਦਾ। ਸਾਰੇ ਵਿਹਾਰਕ ਅਤੇ ਅਧਿਕਾਰਤ ਮੰਤਵਾ ਲਈ, ਨਿਆਂ ਨਿਰਣੇ ਦਾ ਅੰਗਰੇਜ਼ੀ ਸੰਸਕਰਣ ਪ੍ਰਮਾਣਿਕ ਹੋਵੇਗਾ ਅਤੇ ਅਮਲ ਲਾਗੂ ਕਰਨ ਲਈ ਇਸ ਨੂੰ ਤਰਜੀਹ ਦਿੱਤੀ ਜਾਵੇਗੀ।

Translated by Ms. Kusum Lata from beginning to para no. 7.10 & Ms. Sangeeta, Translators from para no.7.11 till end. Typed by Sh. Ajay Abbot, Sr. Assistant.